**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟਰ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ , ਅਜੀਤਗੜ੍ਹ**
**ਵਿੱਦਿਆ ਭਵਨ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8 ਅਜੀਤਗੜ੍ਹ (ਮੁਹਾਲੀ)**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ),
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),
ਸਮੂਹ ਸਕੂਲ ਮੁੱਖੀ, ਪੰਜਾਬ।

ਮੀਮੋ ਨੰ. ਐਮ.ਆਈ.ਐਸ/2017/ਯੂ-ਡਾਈਸ/2017/12350
ਮਿਤੀ : 8/11/2017

ਵਿਸ਼ਾ : ਯੂ-ਡਾਈਸ ਸਰਵੇ 2017-18 ਸੰਬੰਧੀ ਐਜੂਸੈੱਟ ਟ੍ਰੇਨਿੰਗ।

ਉਕਤ ਵਿਸ਼ੇ ਦੇ ਸੰਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋਂ ਕਰਵਾਇਆ ਜਾ ਰਿਹਾ ਯੂ-ਡਾਈਸ ਸਰਵੇ 2017-18 ਸ਼ੁਰੂ ਹੋ ਗਿਆ ਹੈ।ਇਸ ਸਾਲ ਸਰਵੇ ਸੰਬੰਧੀ ਡਾਟਾ ਸਮੂਹ ਸਕੂਲਾਂ ਤੋਂ ਆਨ ਲਾਈਨ ਸਾਫਟਵੇਅਰ ਰਾਹੀਂ ਭਰਵਾਇਆ ਜਾ ਰਿਹਾ ਹੈ। ਸਮੂਹ ਸਕੂਲਾਂ ਵੱਲੋਂ ਯੂ-ਡਾਈਸ ਫਾਰਮਟ ਦਾ ਬਹੁਤ ਡਾਟਾ ਈ-ਪੰਜਾਬ ਪੋਰਟਲ ਉਤੇ ਪਹਿਲਾਂ ਹੀ ਅਪਡੇਟ ਕੀਤਾ ਜਾ ਚੁੱਕਿਆ ਹੈ। ਇਸ ਲਈ ਜੋ ਡਾਟਾ ਸਕੂਲਾਂ ਵੱਲੋਂ ਈ-ਪੰਜਾਬ ਪੋਰਟਲ ਉਤੇ ਭਰਿਆ ਹੋਇਆ ਹੈ ਉਹ ਯੂ-ਡਾਈਸ ਸਰਵੇ ਫਾਰਮਟ ਵਿੱਚ ਪਹਿਲਾਂ ਤੋਂ ਹੀ ਆਨਲਾਈਨ ਸਾਫਟਵੇਅਰ ਨਾਲ ਜੋੜ ਦਿੱਤਾ ਗਿਆ ਹੈ ਅਤੇ ਇਹ ਨਾ ਬਦਲਣਯੋਗ (non-editable) ਹੈ। ਜੇਕਰ ਕੋਈ ਸਕੂਲ ਇਸ ਡਾਟਾ ਨੂੰ ਬਦਲਣਾ ਚਾਹੁੰਦਾ ਹੈ ਤਾਂ ਉਹ ਈ-ਪੰਜਾਬ ਪੋਰਟਲ ਉਤੇ ਡਾਟਾ ਸਹੀ ਕਰੇ, ਤਾਂ ਹੀ ਡਾਟਾ ਬਦਲਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਜੋ ਡਾਟਾ ਈ-ਪੰਜਾਬ ਪੋਰਟਲ ਉਤੇ ਮੌਜੂਦ ਨਹੀਂ ਹੈ, ਉਹ ਆਨ-ਲਾਈਨ ਯੂ-ਡਾਈਸ ਫਾਰਮਟ ਵਿੱਚ ਉਥੇ ਹੀ ਭਰਿਆ ਜਾ ਸਕੇਗਾ।

ਯੂ-ਡਾਈਸ ਸਰਵੇ ਦਾ ਡਾਟਾ ਫਾਰਮਟ ਆਨਲਾਈਨ ਸਾਫਟਵੇਅਰ ਵਿੱਚ ਭਰਨ ਸੰਬੰਧੀ ਟ੍ਰੇਨਿੰਗ ਮੁੱਖ ਦਫਤਰ ਵੱਲੋਂ ਸਮੂਹ ਸਰਕਾਰੀ ਸਕੂਲਾਂ ਨੂੰ ਐਜੂਸੈੱਟ ਰਾਹੀਂ ਦਿੱਤੀ ਜਾਵੇਗੀ। ਟ੍ਰੇਨਿੰਗ ਦਾ ਸ਼ੈਡਿਊਲ ਹੇਠ ਅਨੁਸਾਰ ਹੈ:

| ਲੜੀ ਨੰ. | ਮਿਤੀ | ਸਮਾਂ | ਅਧਿਕਾਰੀ ਜਿਸ ਨੂੰ ਟ੍ਰੇਨਿੰਗ ਦਿੱਤੀ ਜਾਣੀ ਹੈ | ਸਥਾਨ |
|---|---|---|---|---|
| 1 | 09-11-2017 | 9:15 ਸਵੇਰੇ ਤੋਂ 10:00 ਵਜੇ ਸਵੇਰੇ ਤੱਕ | • ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ),<br>• ਸਮੂਹ ਜ਼ਿਲਾ ਐਮ.ਆਈ.ਐਸ.ਕੋਆਰਡੀਨੇਟਰਜ,<br>• ਸਮੂਹ ਬਲਾਕ ਐਮ.ਆਈ.ਐਸ.ਕੋਆਰਡੀਨੇਟਰਜ,<br>• ਸਮੂਹ ਸਰਕਾਰੀ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁੱਖੀ | ਨਜ਼ਦੀਕੀ ਐਜੂਸੈੱਟ ਸੁਵਿਧਾ ਵਾਲੇ ਸਕੂਲ ਵਿੱਚ ਹਾਜ਼ਰੀ ਦੇਣ। |
| 2 | 10-11-2017 | | • ਜਿਲ੍ਹਾ ਸਿੱਖਿਆ ਅਫਸਰ(ਐ.ਸਿੱ),<br>• ਸਮੂਹ ਬਲਾਕ ਸਿੱਖਿਆ ਅਫਸਰ,<br>• ਸਮੂਹ ਜ਼ਿਲਾ ਐਮ.ਆਈ.ਐਸ.ਕੋਆਰਡੀਨੇਟਰਜ,<br>• ਸਮੂਹ ਬਲਾਕ ਐਮ.ਆਈ.ਐਸ.ਕੋਆਰਡੀਨੇਟਰਜ,<br>• ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਇੰਨਚਾਰਜ | |

ਉਕਤ ਟ੍ਰੇਨਿੰਗ ਵਿੱਚ ਸਮੂਹ ਅਧਿਕਾਰੀਆਂ ਦਾ ਭਾਗ ਲੈਣਾ ਯਕੀਨੀ ਬਣਾਇਆ ਜਾਵੇ ਅਤੇ ਡਾਟਾ ਫਾਰਮਟ ਨੂੰ ਚੰਗੀ ਤਰ੍ਹਾਂ ਸਮਝ ਲਿਆ ਜਾਵੇ। ਇਹ ਸੁਝਾਅ ਹੈ ਕਿ ਟ੍ਰੇਨਿੰਗ ਦੌਰਾਨ ਹਰ ਇੱਕ ਅਧਿਕਾਰੀ ਯੂ-ਡਾਈਸ ਫਾਰਮਟ ਦੀ ਕਾਪੀ ਨਾਲ ਲੈ ਕੇ ਆਉਣ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ ।

## ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ

ਪਿੱਠ ਅੰਕਣ ਨੰ: [illegible] ਮਿਤੀ: 08-11-2017

ਉਪਰੋਕਤ ਪੱਤਰ ਮੂਲ ਰੂਪ ਵਿੱਚ ਸਮੂਹ ਸਰਕਾਰੀ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇਨ ਬਿਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

8/11/17

ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਬਠਿੰਡਾ